# ਇਕ ਿੰਮੇਵਾਰ, ਬਹੁਮੁਖੀ ਅਤੇ ਸੰਯੁਕਤ ਸੰਸਾਰ ਲਈ ਗਠਬੰਧਨ

# ਮਨੁੱਖੀ ਿੰਮੇਵਾਰੀਆਂ ਦਾ ਐਲਾਨ–ਨਾਮਾ

## ਜਾਣ ਪਛਾਣ

''ਧਰਤੀ ਸਾਡਾ ਕੇਵਲ ਇਕੋ-ਇਕ ਅਬਦਲਵਾਂ ਟਿਕਾਣਾ ਹੈ।
ਮਾਨਵ ਜਾਤੀ ਆਪਣੀ ਵੰਨ-ਸਵੰਨਤਾ ਦੇ ਬਾਵਜੂਦ ਜੀਵਾਂ ਦੀ ਦੁਨੀਆਂ ਦੇ ਵਿਕਾਸ-ਕ੍ਰਮ ਦਾ ਇਕ ਅਹਿਮ ਹਿੱਸਾ ਹੈ।
ਇਹਨਾਂ ਦੀਆਂ ਤਕਦੀਰਾਂ ਨੂੰ ਨਿਖੇੜਿਆ ਨਹੀਂ ਜਾ ਸਕਦਾ ।''

ਇਹ ਸ਼ਬਦ 1999 ਵਿਚ ਪੇਸ਼ ਐਲਾਨ ਨਾਮੇ ਦੀ ਪਹਿਲੀ ਤਜਵੀਜ਼ ਦਾ ਮੁਖਬੰਧ ਸਨ ਜੋ ਕਿ ਬਹੁਤ ਸਾਰੇ ਉਨ੍ਹਾਂ ਸੰਗਠਨਾ ਨੂੰ ਪੇਸ਼ ਕੀਤਾ ਗਿਆ ਜਿਹੜੇ ਇਕ ਿੰਮੇਵਾਰ, ਬਹੁ-ਮੁਖੀ ਅਤੇ ਸੰਯੁਕਤ ਸੰਸਾਰ ਲਈ ਕੰਮ ਕਰ ਰਹੇ ਸਨ। ਇਹ ਗੱਠਜੋੜ ਉਨ੍ਹਾਂ ਸਵੈ-ਇਛੱਕ ਵਿਅਕਤੀਆਂ ਅਤੇ ਸੰਸਥਾਵਾਂ ਦਾ ਜਾਲ ਹੈ ਜਿਹੜੇ ਇਕ ਬਿਹਤਰ ਸੰਸਾਰ ਦੀ ਰਚਨਾ ਕਰਨਾ ਚਾਹੁੰਦੇ ਹਨ। ਇਸ ਗੱਠਜੋੜ ਦੀ ਕੋਈ ਉਪਚਾਰਕ ਮੈਂਬਰਸ਼ਿਪ ਜਾਂ ਸ਼ਕਤੀ ਸੰਰਚਨਾ ਨਹੀ ਹੈ । ਇਹ ਸਿਰਫ ਉਨ੍ਹਾਂ ਲੋਕਾਂ ਅਤੇ ਸਮੂਹਾਂ ਦਾ ਗੱਠਜੋੜ ਹੈ ਜਿਨ੍ਹਾਂ ਕੋਲ ਤਬਦੀਲੀ ਲਿਆਉਣ ਲਈ ਦ੍ਰਿਸ਼ਟੀ ਅਤੇ ਵਚਨਬੱਧਤਾ ਹੈ। ਇਸ ਸੰਗਠਨ ਦਾ ਮੁਖ ਕਾਰਜ ਸਾਰੇ ਉਪਦੀਪਾਂ ਵਿਚ ਲੋਕਾਂ ਨੂੰਇਸ ਕੰਮ ਲਈ ਗਤੀਸ਼ੀਲ ਕਰਨਾ ਹੈ ਕਿ ਉਹ ਹਰ ਖੇਤਰ ਵਿੱਚ ਕੀਤੀਆਂ ਕੋਸ਼ਿਸ਼ਾਂ ਬਾਰੇ ਆਪਣੇ ਵਿਚਾਰ ਅਤੇ ਤਜਰਬੇ ਸਭ ਨਾਲ ਸਾਂਝੇ ਕਰਨ ਅਤੇ ਅਜਿਹਿਆਂ ਤਜਵੀਂ ਰਖੱਣ ਕਿ ਮਨੁੱਖ ਮਾਣ ਭਰਿਆ ਜੀਵਨ ਜੀ ਸਕੇ ਅਤੇ ਪ੍ਰਿਥਵੀ ਗ੍ਰਹਿ ਸੁਰੱਖਿਅਤ ਰਹੇ।

ਗਠਬੰਧਨ 1993 ਵਿਚ ਸ਼ੁਰੂਕੀਤਾ ਗਿਆ ਅਤੇ ਇਸ ਦਾ ਇਹ ਮੂਲ ਪੱਤਰ ਪ੍ਰਕਾਸ਼ਤ ਕੀਤਾ ਗਿਆ: ਿੰਮੇਵਾਰ ਅਤੇ ਇਕਮੁੱਠ ਵਿਸ਼ਵ ਲਈ ਇਕ ''ਪਲੇਟ ਫਾਰਮ''। ਇਹ ਟੈਕਸਟ ਸਾਡੇ ਲਈ ਇਕ ਬੁਲਾਵਾ ਸੀ ਤਾਂ ਕਿ ਅਸੀ ਇਕੱਠੇ ਹੋ ਕੇ ਅੱਜ ਦੇ ਯੁਗ ਦੇ ਵੱਡੇ ਸੰਕਟਾਂ ਦਾ ਸਾਹਮਣਾ ਕਰਨ ਵਿੱਚ ਅਸਮਰਥ ਨਾਂ ਮਹਿਸੂਸ ਕਰੀਏ । ਇਹ ਸੰਕਟ ਹਨ : ਉੱਤਰ ਅਤੇ ਦੱਖਣ, ਗਰੀਬ ਅਤੇ ਅਮੀਰ, ਮਰਦ ਅਤੇ ਔਰਤ, ਕੁਦਰਤ ਅਤੇ ਮਨੁੱਖ ਵਿਚਕਾਰ ਅੰਤਰ ।

## ਇਕ ਹੋਰ ਐਲਾਨ ਨਾਮਾ ਕਿਉਂ ?

ਇਹ ਐਲਾਨ ਨਾਮਾ ਸਾਡੀ ਉਸ ਰੂਰਤ ਉਤੇ ਆਧਾਰਿਤ ਹੈ ਜਿਸ ਨਾਲ ਅਸੀ ਸਨਮੁਖ ਸੰਕਟਾਂ ਦਾ ਮੁਕਾਬਲਾ ਕਰਨਾ ਹੈ। ਇੱਕੀਵੀ ਸਦੀ ਦੀ ਸਭ ਤੋਂ ਵੱਡੀ ਵੰਗਾਰ ਇਕ ਨਵੇਂ ਸਮਾਜਕ ਭਾਈਚਾਰੇ ਲਈ ਅਜਿਹਾ ਸਮਝੌਤਾ ਹੈ ਜਿਸ ਨਾਲ ਮਨੁੱਖ ਜਾਤੀ ਅਤੇ ਧਰਤੀ, ਦੋਹਾਂ ਦੀ ਹੋਂਦ ਯਕੀਨੀ ਬਣ ਸਕੇ । ਇਸ ਸਮਝੌਤੇ ਨੂੰ ਬਾਅਦ ਵਿੱਚ ਇਕ ਅਜਿਹੇ ਐਲਾਨ ਨਾਮੇ ਦਾ ਰੂਪ ਦਿੱਤਾ ਜਾਵੇ ਜਿਸਦਾ ਪਹਿਲਾਂ ਸਾਰੇ ਵਿਸ਼ਵ ਦੇ ਨਾਗਰਿਕ ਅਤੇ ਫਿਰ ਅੰਤਰ-ਰਾਸ਼ਟਰੀ ਸੰਸਥਾਵਾਂ ਸਮਰਥਨ ਕਰਨ । ਇਸ ਐਲਾਨ ਨਾਮੇ ਨੂੰ ਕੇਂਦਰ ਵਿਚ ਰੱਖਕੇ ਖੁੱਲੀਆਂ ਅਤੇ ਭਰਪੂਰ ਬਹਿਸਾਂ ਹੋਈਆਂ ਜਿਸ ਵਿੱਚ ਇਸ ਦੇ ਵਿਸ਼ਾ-ਵਸਤੂ, ਜਾਇਪੁਣਾ, ਅਪੀਲ, ਅਸਰਦਾਇਕਤਾ ਅਤੇ ਸਭਿਅਕ ਸਮਾਜ ਅਤੇ ਅੰਤਰ ਰਾਸ਼ਟਰੀ ਸੰਸਥਾਵਾਂ, ਦੋਹਾਂ ਵਿੱਚ ਇਸ ਦੇ ਉਚਿੱਤ ਸਥਾਨ ਸੰਬੰਧੀ ਭਖਵੀਂ ਚਰਚਾ ਹੋਈ ।

ਇਸ ਸਾਰੀ ਪ੍ਰਕਿਆ ਦੌਰਾਨ 'ਟੈਕਸਟ' ਭਾਵ ਵਿਸ਼ਾ ਇਕ 'ਪ੍ਰਿਟੈਕਸਟ', ਮਤਲਬ ਬਹਾਨਾ ਅਤੇ 'ਪ੍ਰੀ-ਟੈਕਸਟ' ਮਤਲਬ ਪੂਰਵ ਵਿਸ਼ਾ ਦੋਹੇਂ ਹੀ ਸਿੱਧ ਹੋਇਆ: ਇਸ ਨਾਲ ੋਰਦਾਰ ਅੰਤਰ-ਸਭਿਆਚਾਰਕ ਅਤੇ ਅੰਤਰ-ਅਨੁਸ਼ਾਸਨੀ ਸੰਵਾਦ ਹੋਇਆ ਅਤੇ ਇਸ ਵਿੱਚ ਤਬਦੀਲੀ ਦੀਆਂ ਤਜਵੀਂ ਦੀ ਗੁੰਜਾਇਸ਼ ਰੱਖੀ ਗਈ ।

## ਇਕ ਤੀਸਰਾ ਥੰਮ੍ਹ

ਇਸ ਗਲ ਤੇ ਸਹਿਮਤੀ ਸੀ ਕਿ ਇਹ ਗਠਬੰਧਨ ਤੀਸਰੇ ਥੰਮ੍ਹ ਦੇ ਤੌਰ ਤੇ ਵਿਸ਼ਵ-ਸਮਾਜ ਦੀ ਸੇਵਾ ਕਰ ਸਕੇ। ਇਸ ਸਮੇ ਅੰਤਰ-ਰਾਸ਼ਟਰੀ ਜੀਵਨ ਦੋ ਥੰਮ੍ਹਾਂ ਦੇ ਸਹਾਰੇ ਹੈ: ''ਮਨੁੱਖੀ ਅਧਿਕਾਰਾਂ ਦਾ ਵਿਸ਼ਵ-ਵਿਆਪੀ ਐਲਾਨ'' ਜੋ ਕਿ ਮਨੁੱਖੀ ਸਨਮਾਨ ਅਤੇ ਉਨ੍ਹਾਂ ਦੇ ਹੱਕਾਂ ਦੀ ਰਾਖੀ ਕਰਨ ਉੱਤੇ ਕੇਂਦ੍ਰਿਤ ਹੈ ਅਤੇ ''ਸੰਯੁਕਤ ਰਾਸ਼ਟਰ ਦਾ ਐਲਾਨ ਨਾਮਾ'' ਜੋ ਅਮਨ ਅਤੇ ਪ੍ਰਗਤੀ ਤੇ ਕੇਂਦ੍ਰਿਤ ਹੈ। ਇਹ ਦੋਵੇ ਥੰਮ੍ਹ ਅੰਤਰਰਾਸ਼ਟਰੀ ਰਿਸ਼ਤਿਆਂ ਦੇ ਸੰਗਠਨ ਦੀ ਬਿਨਾਂ ਸ਼ੱਕ ਤਰੱਕੀ ਲਈ ਤਾਣਾ-ਬਾਣਾ ਰਹੇ ਹਨ । ਪਰ ਪਿਛਲੇ ਪੰਜਾਹ ਸਾਲਾਂ ਦੌਰਾਨ ਦੁਨੀਆਂ ਵਿਚ ਬਹੁਤ ਕ੍ਰਾਂਤੀਕਾਰੀ ਤਬਦੀਲੀਆਂ ਆਈਆਂ ਹਨ। ਮਨੁੱਖਤਾ ਦੇ ਸਾਹਮਣੇ ਹੁਣ ਨਵੀਆਂ ਵੰਗਾਰਾਂ ਹਨ। ਇਹ ਸਾਫ ਾਹਿਰ ਹੈ ਕਿ ਇਹ ਪਹਿਲੇ ਦੋ ਥੰਮ੍ਹ ਵਰਤਮਾਨ ਅਤੇ ਭੱਵਿਖ ਵਿਚ ਆਉਣ ਵਾਲੀਆਂ ਤਬਦੀਲੀਆਂ ਨਾਲ ਜੂਝਣ ਲਈ ਕਾਫੀ ਨਹੀ ਹਨ।

ਤੀਸਰੇ ਥੰਮ੍ਹ ਅਤੇ ਇਕ 'ਸੰਸਾਰ ਘੋਸ਼ਣਾ ਪੱਤਰ' ਦਾ ਵਿਚਾਰ ਜਿਸ ਦਾ ਮੁੱਖ ਮੁੱਦਾ ਮਨੁੱਖਤਾ ਅਤੇ ਬ੍ਰਹਿਮੰਡ ਦੇ ਰਿਸ਼ਤੇ ਤੇ ਆਧਾਰਿਤ ਸੀ, ਪਹਿਲੀ ਵਾਰ 1972 ਵਿਚ 'ਸਟਾਕਹੋਮ ਵਿਸ਼ਵ ਕਾਨਫਰੰਸ' ਵਿਚ ਆਇਆ। ਇਸ ਨੂੰ ਦੁਬਾਰਾ 1992 ਵਿੱਚ ਰਿਉ-ਡੀ-ਜਨੀਰੋ ਵਿੱਚ ਹੋਣ ਵਾਲੇ ਸੰਸਾਰ ਸਮੇਲਨ ਦੀਆਂ ਤਿਆਰੀਆਂ ਸਮੇਂ ਦੁਹਰਾਇਆ ਗਿਆ।

ਉਸ ਸਮੇਂ ਤੋ ਕਾਫੀ ਐਲਾਨ ਨਾਮਿਆਂ ਦੇ ਖਰੜੇ ਅੰਤਰ-ਰਾਸ਼ਟਰੀ ਸਭਿਅਕ ਸਮਾਜਾਂ ਦੇ ਵਖ-ਵਖ ਹਿੱਸਿਆ[1] ਵਲੋਂ ਤਿਆਰ ਕੀਤੇ ਗਏ; ਇਹ ਦਰਸਾਉਣ ਲਈ ਕਿ ਕਾਫੀ ਲੋਕ ਹੁਣ ਤੀਸਰੇ ਆਧਾਰ ਥੰਮ੍ਹ ਦੀ ਪਹਿਲਾਂ ਨਾਲੋਂ ਵੀ ਵੱਧ ਜਰੂਰਤ ਲਈ ਤੱਤਪਰ ਹਨ । ਇਸ ਗਠਬੰਧਨ ਨੇ ਇਕ ਸਾਂਝੇ ਐਲਾਨ ਨਾਮੇ ਦਾ ਆਪਣਾ ਇਕ ਅਲਗ ਖਰੜਾ ਵਿਕਸਿਤ ਕਰਨਾ ਮੁੱਖ ਟੀਚਾ ਮਿੱਥ ਲਿਆ ਹੈ।

[1] Some like-minded initiatives with which the Alliance has been in contact :
- the "Declaration towards a Global Ethics", drawn up by the Parliament of the World's Religions in Chicago in 1994,
- the "Universal Ethics Project" which is prepared by the UNESCO Division of Philosophy and Ethics,
- the "Universal Declaration for Human Responsibility", prepared in Vienna in 1997 by the "Interaction Council Congress, signed up to by 25 eminent political personalities,
- the "Earth Charter" written jointly by the Earth Council (Maurice Strong) and Green Cross International (Mikhail Gorbachev).

We have worked to enrich our own draft from these initiatives, and will continue this

## ਖਰੜਾ ਤਿਆਰ ਕਰਨ ਦੀ ਕਾਰਜ-ਪ੍ਰਣਾਲੀ:

ਐਲਾਨ ਨਾਮਾ ਤਿਆਰ ਕਰਨ ਦੀ ਕਾਰਜ-ਪ੍ਰਣਾਲੀ ਕੇਵਲ ਮਾਰਗ ਦਰਸ਼ਕ ਸੀ, ਜਿਸ ਦੇ ਦੋ ਆਵੱਸ਼ਕ ਆਧਾਰ ਸਨ, 'ਇਕਮੁਠਤਾ' ਅਤੇ

'ਵੰਨ-ਸੁਵੰਨਤਾ': ਜਿਸ ਅਨੁਸਾਰ ਸਭਿਆਚਾਰ, ਭਾਸ਼ਾਵਾਂ, ਆਰਥਿਕਤਾ, ਰਾਜਨੀਤੀ, ਭੂਗੋਲਿਕ ਵੰਨ-ਸੁਵੰਨਤਾ ਦਾ ਆਦਰ ਕਰਦੇ ਹੋਏ ਇਕ ਸਾਂਝੀ ਆਧਾਰ-ਸ਼ਿਲਾ ਦਾ ਨਿਰਮਾਣ ਕਰਨਾ ਸੀ। ਖਰੜੇ ਨੂੰ ਬਾਰ-ਬਾਰ ਚੰਗੀ ਤਰ੍ਹਾ ਦੁਹਰਾਉਣ ਦੀ ਲੋੜ ਸੀ ਤਾਂ ਕਿ ਇਹ ਸਭ ਨੂੰ ਪ੍ਰਵਾਨ ਹੋਵੇ ।

1995 ਤੋਂ 1998 ਦੌਰਾਨ ਆਂਦਰੇ ਲੈਵੇਕਸ ਅਤੇ ਉਸ ਦੀ ਟੀਮ ਨੇ ਅਫਰੀਕਾ, ਏਸ਼ੀਆ, ਲਾਤੀਨ ਅਮਰੀਕਾ ਅਤੇ ਯੂਰਪ ਵਿਚ ਵਰਕਸ਼ਾਪਾਂ ਸੰਗਠਿਤ ਕੀਤੀਆਂ। ਇਨ੍ਹਾਂ ਦਾ ਨਿਸ਼ਾਨਾ ਵੱਖ-ਵੱਖ ਸਮਾਜਾਂ ਦੀਆਂ ਰੋਜ਼ਾਨਾ ਜ਼ਿੰਦਗੀ ਦੀਆਂ ਸਚਾਈਆਂ ਵਿਚੋਂ ਆਮ ਕਦਰਾਂ ਤੇ ਅਸੂਲਾਂ ਨੂੰ ਉਭਾਰਨਾ ਸੀ। ਇਸ ਉਪਰਾਲੇ ਦਾ ਨਤੀਜਾ ਸੀ ਐਲਾਨ ਨਾਮੇ ਦਾ ਪਹਿਲਾ ਖਰੜਾ (1999)।

1999 ਤੋ 2000 ਦੇ ਅੰਤ ਤਕ ਐਲਾਨ ਨਾਮੇ ਨੂੰਅਲੱਗ-ਅਲੱਗ ਇਨਸਾਨੀ ਗਤੀਵਿੱਧੀਆਂ ਦੇ ਖੇਤਰ ਅਤੇ ਵਿਭਿੰਨ ਸਭਿਆਚਾਰਕ ਪ੍ਰਸੰਗਾਂ ਵਿਚ ਪ੍ਰਵਾਨਗੀ ਲਈ ਕ੍ਰਮਵਾਰ ਪਰਖਿਆ ਗਿਆ। ਇਸ ਦੇ ਦੌਰਾਨ ਬਹੁਤ ਸਾਰੇ ਕੰਮ ਕਰ ਰਹੇ ਗਠਬੰਧਨ ਸਮੂਹ ਆਪਣੇ ਆਪਣੇ ਖੇਤਰ ਵਿਚ ਇਕੱਵੀ ਸਦੀ ਵਿਚ ਆਉਣ ਵਾਲੀਆਂ ਨਵੀਆਂ ਵੰਗਾਰਾਂ ਨੂੰ ਸੁਲਝਾਉਣ ਦੀਆਂ ਤਜਵੀਂ ਸਬੰਧੀ ਕੰਮ ਕਰ ਰਹੇ ਸਨ । 1999 ਦੇ ਐਲਾਨ ਨਾਮੇ ਅਤੇ ਉਨ੍ਹਾਂ ਤਜਵੀਂ ਬਾਰੇ ਪ੍ਰਤਿਕ੍ਰਿਆਵਾਂ ਦੇ ਆਧਾਰ ਤੇ, 2001 ਵਿੱਚ ਇਕ ਨਵਾਂ ਟੈਕਸਟ ਤਿਆਰ ਕਰਨ ਦਾ ਫੈਸਲਾ ਕੀਤਾ ਗਿਆ ਜਿਸ ਵਿੱਚ ਇਹ ਸਾਰੇ ਵਿਚਾਰ ਸ਼ਾਮਲ ਕੀਤੇ ਗਏ ।

ਖਰੜਾ ਤਿਆਰ ਕਰਨ ਵਾਲੀ ਕਮੇਟੀ[2] ਨੇ ਆਪਣਾ ਪਹਿਲਾ ਖਰੜਾ 2001 ਵਿੱਚ ਇਕ ਸੂਝਵਾਨ ਵਿਅਕਤੀਆਂ[3] ਦੀ ਕਮੇਟੀ ਮਾਹਮਣੇ ਰਖਿਆ ਜਿਨ੍ਹਾਂ ਦੀਆ ਟਿੱਪਣੀਆਂ ਨੇ ਪਹਿਲੇ ਟੈਕਸਟ ਨੂੰ ਬਹੁਤ ਬਿਹਤਰ ਬਣਾਇਆ। ਦਸੰਬਰ 2001 ਵਿੱਚ ਸੰਗਠਨ ਨੇ ਲਿਲੀ (ਫਰਾਂਸ) ਵਿਖੇ ਇਕ 'ਵਰਲਡ ਅਸੈਂਬਲੀ ਆਫ ਸਿਟਿਨ' ਆਯੋਜਿਤ ਕੀਤੀ ਜਿਸ ਵਿੱਚ ਇਹ ਸੋਧਿਆ ਹੋਇਆ ਖਰੜਾ ਪੇਸ਼ ਕੀਤਾ ਗਿਆ । ਸ਼ਾਮਲ ਹੋਏ ਮੈਬਰਾਂ ਨੇ ਵਖ-ਵਖ ਪਿਛੋਕੜਾਂ ਦੇ ਆਧਾਰ ਤੇ ਖਰੜੇ ਨੂੰ ਪਰਖਿਆ । ਉਨ੍ਹਾਂ ਦੀਆਂ ਟਿਪੱਣੀਆਂ ਤੇ ਆਧਾਰਿਤ ਸੋਧਿਆ ਹੋਇਆ ਟੈਕਸਟ ਤਿਆਰ ਹੋਇਆ। ਇਸ ਨੂੰ ਲਿਲੀ ਅਸੈਂਬਲੀ ਤੋ ਬਾਅਦ ਗਠਬੰਧਨ ਨੂੰ ਅਗਲੇਰੀ ਟਿੱਪਣੀ ਵਾਸਤੇ ਪੇਸ਼ ਕੀਤਾ ਅਤੇ ਇਕ ਅੰਤਿਮ ਖਰੜਾ ਹੋਂਦ ਵਿਚ ਆਇਆ ਜਿਸ ਦਾ ਅਕਤੂਬਰ 2002 ਤੋਂ ਬੜੇ ਵਿਆਪਕ ਰੂਪ ਵਿਚ ਪ੍ਰਚਾਰ ਕੀਤਾ ਜਾ ਰਿਹਾ ਹੈ।

ਇਸ ਐਲਾਨ ਨਾਮੇ ਨੂੰ ਹੁਣ ਸਭਿਅਕ ਸਮਾਜ ਵਲੋਂ ਰੂਰ ਪ੍ਰਵਾਨਿਤ ਹੋਣਾ ਚਾਹੀਦਾ ਹੈ ਅਤੇ ਉਮੀਦ ਹੈ ਕਿ ਕਿਸੇ ਸਮੇ ਅੰਤਰ-ਰਾਸ਼ਟਰੀ ਸੰਸਥਾਵਾਂ ਵਲੋ ਵੀ ਇਹ ਪ੍ਰਵਾਨਿਆ ਜਾਵੇਗਾ। ਗਠਬੰਧਨ ਵੱਖ-ਵੱਖ ਸਭਿਆਚਾਰਾਂ ਅਤੇ ਵੱਖ-ਵੱਖ ਸਮਾਜਕ ਕਿੱਤਾ-ਸਮੂਹਾਂ ਕੋਲੋਂ ਇਸ ਦੀ ਪ੍ਰਾਸੰਗਿਕਤਾ ਦੀ ਪਰਖ ਕਰਵਾਉਂਦਾਂ ਰਹੇਗਾ।

[2] Members of the Drafting Committee : Wesley ARIARAJ, Tannous BASSIL, Elisabeth Bourguinat, Edith Sizoo.
[3] Pierre CALAME, CHAN Ngai Weng, Carmelina CARRACILLO, Hamidou Aboucabry DIALLO, Hamilton FARIA, Eulalia FLOR, Philippe GUIRLET, Stephane HESSEL, Andre LEVESQUE, Edgar MORIN, Raimundo PANIKKAR, Makarand PARANJAPE, Konrad RAISER, Cecile SABOURIN, John TAYLOR, Gerald WANJOHI, YU Shuo, ZHAO Yifeng.

## ਐਲਾਨ ਨਾਮਾ ਕੀ ਹੈ ਤੇ ਕੀ ਨਹੀ ਹੈ ?

ਮਨੁੱਖੀ ਜ਼ਿੰਮੇਵਾਰੀਆਂ ਦਾ ਐਲਾਨ ਨਾਮਾ ਨਾ ਤਾਂ ਕਾਨੂੰਨੀ ਦਸਤਾਵੇਜ਼ ਹੈ ਅਤੇ ਨਾ ਹੀ ਕੋਈ ਨੁਸਖਾ। ਇਸ ਤੇ ਨਾ ਕਿਸੇ ਦੇ ਹਸਤਾਖਰਾਂ ਦੀ ਅਤੇ ਨਾ ਕਿਸੇ ਪਿਠਅੰਕਣ ਦੀ ਲੋੜ ਹੈ। ਇਸ ਦੀ ਬਜਾਏ ਇਹ ਇਕ ਸੱਦਾ ਪੱਤਰ, ਇਕ ਤਜਵੀਜ਼ ਅਤੇ ਇਕ ਪ੍ਰਕ੍ਰਿਆ ਵਿਧੀ ਹੈ। ਇਸ ਦਾ ਮੰਤਵ ਸਾਂਝੇ ਅਸੂਲਾਂ ਤੇ ਆਧਾਰਤ ਉਪਰਾਲੇ ਕਰਨ ਦਾ ਵਿਚਾਰਕ ਮਾਹੌਲ ਪੈਦਾ ਕਰਨਾ ਹੈ । ਇਹ ਇਕ ਕਾਮਨਾ ਹੈ ਵਿਸ਼ਵ ਪੱਧਰ ਤੇ ਇਨਸਾਨੀ ਵਰਤਾਓ ਅਤੇ ਭਾਈਚਾਰਕ ਸੰਬਧਾਂ ਨੂੰ ਅਗਵਾਈ ਦੇਣ ਦੀ। ਸੰਖੇਪ ਵਿਚ ਇਸ ਦਾ ਮੰਤਵ ਅੰਤਰ-ਰਾਸ਼ਟਰੀ ਸਭਿਅਕ ਸਮਾਜ ਦਾ ਇਕ ਆਧਾਰ ਬਣਨਾ ਹੈ ਤਾਂ ਕਿ ਬਿਹਤਰ ਦੁਨੀਆਂ ਦੀ ਸਿਰਜਣਾ ਹੋ ਸਕੇ ।

ਐਲਾਨ ਨਾਮੇ ਦਾ ਮੰਤਵ ਕੇਵਲ ਏਹੋ ਹੀ ਨਹੀ ਹੈ। ਇਹ ਸੰਗਠਿਤ ਕਾਰਜਕਾਰੀ ਸਮੂਹਾਂ ਵਲੋਂ ਦਿਤੇ ਗਏ ਬਹੁਤ ਸਾਰੇ ਸੁਝਾਵਾਂ ਦੇ ਸਾਰ-ਤੱਤ ਨੂੰ ਉਭਾਰਦਾ ਹੈ । ਇਕ ਸੱਦਾ ਹੈ ਜਿਸ ਮੁਤਾਬਕ ਇਹ ਰੂਰੀ ਹੋ ਗਿਆ ਹੈ ਕਿ ਨਵੀਆਂ ਿਮੇਵਾਰੀਆਂ ਨੂੰ ਨਿੱਜੀ ਅਤੇ ਸਾਂਝੇ ਪੱਧਰ ਤੇ ਅਪਣਾਇਆ ਜਾਵੇ।

ਇਸ ਦੇ ਅਗਵਾਈ ਅਸੂਲ ਇਕ ਸਾਂਝੇ ਧੁਰੇ ਵਾਂਗ ਹਨ, ਜਿਨ੍ਹਾਂ ਨੂੰ ਮਨੁੱਖੀ ਉਪਰਾਲਿਆਂ ਦੇ ਵੱਖ-ਵੱਖ ਖੇਤਰਾਂ ਵਿਚ ਸਬੰਧਤ ਸਭਿਆਚਾਰਕ ਲੋੜਾਂ ਅਨੁਸਾਰ ਅਪਣਾਇਆ ਅਤੇ ਲਾਗੂ ਕੀਤਾ ਜਾਣਾ ਚਾਹੀਦਾ ਹੈ। ਮਿਸਾਲ ਦੇ ਤੌਰ ਤੇ ਇਸ ਸਾਂਝੇ ਮੰਤਵ ਨੂੰ ਇਸ ਧਰਤੀ ਉਤੇ ਬੋਹੜ ਦੀਆਂ ਜੜ੍ਹਾਂ ਵਾਂਗ ਸਮਝਿਆ ਜਾ ਸਕਦਾ ਹੈ ਜਿਸ ਦੇ ਵੱਖ-ਵੱਖ ਤਣੇ ਨਵੀਆਂ ਸ਼ਾਖਾਵਾਂ ਬਣਾ ਲੈਂਦੇ ਹਨ। ਇਹ ਨਵੇਂ ਤਣੇਂ ਸਬੰਧਤ ਸਭਿਆਚਾਰਕ ਪ੍ਰਸੰਗ ਵਿਚ ਅਤੇ ਵੱਖ-ਵੱਖ ਕਾਰਜ ਖੇਤਰਾਂ ਵਿਚ ਨਵੇਂ ਦਿਸ਼ਾ ਆਦੇਸ਼ ਦੀ ਪ੍ਰਤਿਨਿਧਤਾ ਕਰਦੇ ਹਨ ।

**ਨਿਚੋੜ :**

ਐਲਾਨ ਨਾਮੇ ਦੀਆਂ ਵਿਸ਼ੇਸ਼ਤਾਵਾਂ ਨਿਮਨਲਿਖਿਤ ਹਨ :

- ਇਹ ਇੱਕੀਵੀਂ ਸਦੀ ਦੀਆਂ ਵੰਗਾਰਾਂ ਲਈ ਮਾਨਵ ਜਾਤੀ ਦੀਆਂ ਿਮੇਵਾਰੀਆਂ ਦਾ ਐਲਾਨ ਨਾਮਾ ਹੈ।
- ਇਹ ਕਿਸੇ ਖਾਸ ਸਥਿਤੀ ਜਾਂ ਸਮੇ ਦਾ ਦਸਤਾਵੇਜ਼ ਨਹੀਂ ਜਿਹੜਾ ਕਿ ਤਤਕਾਲ ਸਥਿਤੀ, ਕਿਸੇ ਵਿਸ਼ੇਸ਼ ਕਾਰਜ ਲਈ, ਥੋੜੇ ਸਮੇਂ ਲਈ ਸਮਾਧਾਨ ਵਜੋਂ ਬਣਾਇਆ ਗਿਆ ਹੋਵੇ। ਬਲਕਿ ਇਹ ਐਲਾਨ ਨਾਮਾ ਆਮ ਅਸੂਲਾਂ ਨੂੰ ਦਰਸਾਂਉਦਾ ਹੈ ਅਤੇ ਉਨ੍ਹਾਂ ਸਾਰਿਆਂ ਨਾਲ ਸਾਂਝਾ ਕਰਨ ਲਈ ਹੈ ਜੋ ਇਨ੍ਹਾਂ ਦਾ ਹੁੰਗਾਰਾ ਭਰਦੇ ਹਨ ।
- ਉਮੀਦ ਹੈ ਕਿ ਇਹ ਐਲਾਨ ਨਾਮਾ ਇਕ ਨਵੇਂ ਸਮਾਜਕ ਇਕਰਾਰਨਾਮੇ ਦਾ ਆਧਾਰ ਬਣੇਗਾ ਜਿਸ ਨਾਲ ਹਰ ਸਮਾਜਕ ਅਤੇ ਕਿੱਤਾ ਪ੍ਰਧਾਨ ਸਮੂਹਾਂ ਦਾ ਆਪਣੇ ਅਤੇ ਸਮਾਜ ਵਿਚਕਾਰ ਰਿਸ਼ਤਾ ਬਣਾਉਣ ਲਈ ਨਵੇਂ ਅਸੂਲ ਬਣਾਏ ਜਾ ਸਕਣ। ਇਸ ਦਾ ਨਿਸ਼ਾਨਾ ਕੇਵਲ ਨਿੱਜੀ ਵਤੀਰੇ ਲਈ ਹੀ ਨਹੀਂ ਸਗੋਂ ਰਾਜਨੀਤਕ ਸੰਸਥਾਵੀ ਅਤੇ ਕਾਨੂੰਨੀ ਖੇਤਰਾਂ ਲਈ ਵੀ ਇਕ ਨਵਾਂ ਤਾਣਾ-ਬਾਣਾ ਉਪਲੱਬਧ ਕਰਵਾਉਣ ਦਾ ਹੈ।

ਇਸ ਦੇ ਸਾਧਾਰਨ ਅਸੂਲਾਂ ਨੂੰ ਵਿਭਿੰਨ ਪ੍ਰਸੰਗਾਂ ਲਈ ਤਰਜਮਾਨ ਕਰਕੇ, ਹੋਲੀ ਹੋਲੀ ਮਨੁੱਖੀ ਗਤੀਵਿਧਿਆਂ ਦੇ ਖਾਸ ਖੇਤਰਾਂ ਵਿੱਚ ਮਾਪਦੰਢ ਵਜੋਂ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਲੋਕਾਂ ਦਾ ਆਪਣਾ, ਫਿਰਕਿਆਂ, ਕਿਤਾ-ਮੁਖੀ ਸਮੂਹਾਂ, ਵਪਾਰਾਂ, ਸਰਕਾਰਾਂ ਅਤੇ ਹੋਰਾਂ ਦਾ ਮਾਰਗ ਦਰਸ਼ਨ ਕਰਨ ।

# ਮਨੁੱਖੀ ਜਿੰਮੇਵਾਰੀਆਂ ਦਾ ਐਲਾਨ ਨਾਮਾ

## ਅਧਿਕਾਰ ਪੱਤਰ ਦੀਆਂ 6 ਬੁਨਿਆਦੀ ਧਾਰਾਵਾਂ

1) ਮਨੁੱਖ ਜਾਤੀ ਦੀ ਨਵੀ ਉਤਪੰਨ ਹਾਲਤ ਦੇ ਸਾਹਮਣੇ ਇਕ ਤੀਸਰੇ ਨੈਤਿਕ ਥੰਮ ਦੀ ਰੂਰਤ ਹੈ ਜੋ ਕਿ ਸਾਰੇ ਸਮਾਜਾਂ ਅਤੇ ਸਮਾਜਕ ਵਰਗਾਂ ਦੇ ਲਈ ਸਾਂਝਾ ਹੋਵੇ ਅਤੇ ਜਿਹੜਾ ਸਯੁੰਕਤ ਰਾਸ਼ਟਰੀ ਜੀਵਨ ਦੇ ਪਹਿਲਾਂ ਸਥਾਪਿਤ ਦੋ ਆਧਾਰਾਂ : ''ਮਾਨਵ ਅਧਿਕਾਰਾਂ ਦਾ ਵਿਆਪਕ ਘੋਸ਼ਨਾ ਪਤਰ'' ਅਤੇ ''ਸੰਯੁਕਤ ਰਾਸ਼ਟਰ ਦਾ ਐਲਾਨ ਨਾਮਾ'': ਦੇ ਲਈ ਸਹਿਯੋਗੀ ਦੇ ਰੂਪ ਵਿਚ ਕੰਮ ਕਰੇ।

2) ਇਹੀ ਨੈਤਿਕ ਸਿਧਾਂਤ ਵਿਅਕਤੀਗਤ ਸੁਭਾਅ ਦੀ ਅਗਵਾਈ ਤੇ ਕਾਨੂੰਨੀ ਸਹਾਇਤਾ ਦੋਹਾਂ ਲਈ ਨਿੱਜੀ ਤੇ ਸਮੂਹਕ ਪੱਧਰ ਤੇ ਲਾਗੂਕੀਤੇ ਜਾ ਸਕਦੇ ਹਨ।

3) ਿਮੇਵਾਰੀ ਦਾ ਅਹਿਸਾਸ ਇਕ ਸਰਬ ਵਿਆਪਕ ਸਿਧਾਂਤ ਹੈ ਜੋ ਕਿ ਕਿਸੇ ਵੀ ਮਨੁੱਖੀ ਰਿਸ਼ਤੇ ਤੋਂ ਅ ਲ ੱ ਗ ਨ ਹ ੀ ਂ ਕੀਤਾ ਜਾ ਸਕਦਾ । ਇਹ ਮਨੁੱਖੀ ਿਮੇਵਾਰੀਆਂ ਦੇ ਐਲਾਨ ਨਾਮੇ ਲਈ ਇਕਸਾਰ ਨੈਤਿਕ ਆਧਾਰ ਹੈ।

4) ਮਨੁੱਖੀ ਗਤੀਵਿਧੀਆਂ ਦੇ ਪ੍ਰਭਾਵ ਅਤੇ ਸਾਰੇ ਮਨੁੱਖੀ ਸਮਾਜਾਂ ਵਿਚਕਾਰ ਆਪਸੀ ਨਿਰਭਰਤਾ ਨੂੰ ਧਿਆਨ ਵਿਚ ਰੱਖਦੇ ਹੋਏ ਜ਼ਿਮੇਵਾਰੀਆਂ ਦੀ ਇਕ ਵਿਸਤ੍ਰਿਤ ਪਰਿਭਾਸ਼ਾ ਕਰਨੀ ਜ਼ਰੂਰੀ ਹੈ। ਇਸ ਦੇ ਤਿੰਨ ਪਹਿਲੂ ਹਨ: ਆਪਣੇ ਕੰਮਾਂ ਦੇ ਸਿੱਧੇ ਅਤੇ ਅਸਿੱਧੇ ਨਤੀਜਿਆਂ ਦੀ ਜ਼ਿਮੇਵਾਰੀ ਲੈਣੀ; ਇਕ ਦੂਜੇ ਨਾਲ ਇਕਮੁੱਠ ਹੋ ਕੇ ਸ਼ਕਤੀਹੀਣ ਹੋਣ ਤੋਂ ਬਚਣਾ ਅਤੇ ਇਹ ਪ੍ਰਵਾਨ ਕਰਨਾ ਕਿ ਸਾਡੀ ਜ਼ਿਮੇਵਾਰੀ ਸਾਡੇ ਗਿਆਨ ਅਤੇ ਸ਼ਕਤੀ ਦੇ ਅਨੁਪਾਤ ਵਿਚ ਹੁੰਦੀ ਹੈ।

5) ਮਨੁੱਖੀ ਜ਼ਿਮੇਵਾਰੀ ਦਾ ਐਲਾਨ ਨਾਮਾ ਕੇਵਲ ਨਿਯਮਾਂ ਨੂੰ ਥੋਪਦਾ ਹੀ ਨਹੀਂ ਸਗੋਂ ਇਹ ਸਹੀ ਪ੍ਰਾਥਮਿਕਤਾਵਾਂ ਅਤੇ ਸਹੀ ਚੋਣ ਦੀ ਵੀ ਤਜਵੀ ਪੇਸ਼ ਕਰਦਾ ਹੈ।

6) ਇਸ ਸਰਬਸਾਂਝੇ ਮਨੁੱਖੀ ਜ਼ਿਮੇਵਾਰੀਆਂ ਦੇ ਐਲਾਨ ਨਾਮੇ ਦੇ ਆਧਾਰ ਤੇ ਹਰ ਸਮਾਜਕ ਅਤੇ ਕਿੱਤਾ ਪ੍ਰਧਾਨ ਖੇਤਰ ਨੂੰ ਉਨ੍ਹਾਂ ਦੀ ਆਪਣੀ ਜ਼ਿਮੇਵਾਰੀ ਦੇ ਨਿਯਮ ਉਲੀਕਣ ਲਈ ਸੱਦਾ ਦਿਤਾ ਜਾਂਦਾ ਹੈ। ਇਹ ਨਿਯਮ ਉਸ ਸਮਝੋਤੇ ਦੀ ਨੀਂਹ ਹਨ ਜੋ ਇਸ ਨੂੰ ਬਾਕੀ ਸਮਾਜ ਨਾਲ ਜੋੜਦਾ ਹੈ।

# ਪ੍ਰਸਤਾਵਨਾ

ਇਤਿਹਾਸ ਵਿਚ ਮਨੁੱਖ ਦਾ ਇਕ ਦੂਸਰੇ ਮਨੁੱਖ ਦੇ ਸਮਾਜਕ, ਰਾਜਨੀਤਕ, ਆਰਥਿਕ ਤੇ ਸਭਿਆਚਾਰਕ ਜੀਵਨ ਉਤੇ ਏਨਾ ਵਿਆਪਕ ਅਸਰ ਪਹਿਲਾਂ ਕਦੇ ਨਹੀ ਰਿਹਾ । ਆਪਣੇ ਆਲੇ-ਦੁਆਲੇ ਨੂੰ ਬਦਲਣ ਲਈ ਮਨੁੱਖ ਕੋਲ ਪਹਿਲਾਂ ਕਦੇ ਵੀ ਏਨੀ ਸ਼ਕਤੀ ਅਤੇ ਗਿਆਨ ਨਹੀ ਸੀ।

ਇਨ੍ਹਾਂ ਲਗਾਤਾਰ ਵਧਦੇ ਹੋਏ ਆਪਸੀ ਸਬੰਧਾਂ ਰਾਹੀ ਬਹੁਤ ਸਾਰੀਆਂ ਸੰਭਾਵਨਾਵਾਂ ਅਤੇ ਮਾਨਵ ਜਾਤੀ ਰਾਹੀਂ ਪ੍ਰਾਪਤ ਕੀਤੀ ਨਵੀ ਸਮਰਥਾ ਦੇ ਬਾਵਜੂਦ, ਕਈ ਖੇਤਰਾਂ ਵਿਚ ਅਭੂਤਪੂਰਵ ਸੰਕਟ ਸਾਹਮਣੇ ਆ ਰਹੇ ਹਨ।

ਵੱਖ-ਵੱਖ ਰਾਸ਼ਟਰਾਂ ਦੇ ਅੰਦਰ ਅਤੇ ਆਪਸ ਵਿਚ ਵਧਦਾ ਹੋਇਆ ਵਿਆਪਕ ਆਰਥਿਕ ਫ਼ਰਕ, ਆਰਥਿਕ ਤੇ ਰਾਜਨੀਤਿਕ ਸ਼ਕਤੀ ਦਾ ਗਿਣੇ ਚੁਣੇ ਹੱਥਾਂ ਵਿਚ ਕੇਂਦਰਿਤ ਹੋਣਾ, ਸਭਿਆਚਾਰਕ ਵੰਨ-ਸੁਵੰਨਤਾ ਨੂੰ ਵੰਗਾਰਾਂ ਜਾਂ ਫਿਰ ਕੁਦਰਤੀ ਵਸੀਲਿਆਂ ਦਾ ਦੁਰਉਪਯੋਗ, ਪੂਰੀ ਦੁਨੀਆ ਵਿਚ ਅਸਥਿਰਤਾ ਅਤੇ ਆਪਸੀ ਵਿਵਾਦ ਪੈਦਾ ਕਰ ਰਹੇ ਹਨ ਅਤੇ ਸਾਡੀ ਧਰਤੀ ਦੇ ਭਵਿੱਖ ਨੂੰ ਲੈ ਕੇ ਗੰਭੀਰ ਚਿੰਤਾ ਦੀ ਸਥਿਤੀ ਉਤਪੰਨ ਹੋ ਰਹੀ ਹੈ। ਅਸੀ ਮਨੁੱਖੀ ਇਤਿਹਾਸ ਦੇ ਦੋਰਾਹੇ ਤੇ ਖੜੇ ਹਾਂ।

ਫੇਰ ਵੀ ਜਿਨ੍ਹਾਂ ਸਮਾਜਕ ਸੰਸਥਾਵਾਂ ਵਲੋਂ ਇਨ੍ਹਾਂ ਚੁਣੌਤੀਆਂ ਨੂੰ ਨਿਪਟਾਇਆ ਜਾਣਾ ਚਾਹੀਦਾ ਹੈ ਉਹ ਪਹਿਲਾ ਤੋ ਵੀ ਘਟ ਅਸਰਦਾਇਕ ਢੰਗ ਨਾਲ ਕੰਮ ਕਰ ਰਹੀਆਂ ਹਨ। ਅੰਤਰ ਰਾਸ਼ਟਰੀ ਬਾਜ਼ਾਰਾਂ ਦੀ ਤਾਕਤ ਰਾਸ਼ਟਰਾਂ ਦੀ ਰਵਾਇਤੀ ਭੂਮਿਕਾ ਨੂੰ ਨੁਕਸਾਨ ਪਹੁੰਚਾ ਰਹੀ ਹੈ। ਵਿਗਿਆਨਕ ਸੰਸਥਾਵਾਂ ਆਪਣੇ ਤੰਗ ਨਜ਼ਰੀਏ ਅਤੇ ਵਿਸ਼ੇਸ਼ ਹਿੱਤਾਂ ਦੇ ਕਾਰਣ ਵਿਸ਼ਵ ਵਿਆਪੀ ਮੁਦਿੱਆਂ ਦਾ ਵਿਸ਼ਲੇਸ਼ਣ ਅਤੇ ਸਾਹਮਣਾ ਕਰਨ ਅਤੇ ਮਨੁੱਖੀ ਚੁਣੌਤੀਆਂ ਦਾ ਮੁਕਾਬਲਾ ਕਰਨ ਤੋਂ ਪਿੱਛੇ ਹਟ ਰਹੀਆਂ ਹਨ। ਅੰਤਰਰਾਸ਼ਟਰੀ ਆਰਥਕ ਸੰਸਥਾਵਾਂ

ਅਸਮਾਨਤਾ ਦੇ ਉਠਦੇ ਪ੍ਰਵਾਹ ਨੂੰ ਰੋਕਣ ਵਿਚ ਅਸਫ਼ਲ ਹੋ ਚੁੱਕੀਆਂ ਹਨ। ਵਪਾਰ ਨੇ ਸਮਾਜਕ ਅਤੇ ਵਾਤਾਵਰਣ ਸਬੰਧੀ ਮਾਮਲਿਆਂ ਨੂੰ ਲਾਭ ਕਮਾਉਣ ਦੀ ਦੌੜ ਵਿਚ ਅੱਖੋਂ-ਪਰੋਖੇ ਕਰ ਦਿੱਤਾ ਹੈ। ਧਾਰਮਿਕ ਸੰਸਥਾਵਾਂ ਨੇ ਸਾਡੇ ਸਮਾਜਾਂ ਨੂੰਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਆਪਣੀ ਭੂਮਿਕਾ ਨਿਭਾਉਣ ਵਿਚ ਬਣਦਾ ਯੋਗਦਾਨ ਨਹੀਂ ਪਾਇਆ । ਇਸ ਪ੍ਰਸੰਗ ਵਿਚ ਸਾਨੂੰ ਸਾਰਿਆਂ ਨੂੰ ਨਿੱਜੀ ਅਤੇ ਸਮੂਹਕ ਦੋਵੇਂ ਪੱਧਰਾਂ ਉੱਪਰ ਆਪਣੀਆਂ ਜ਼ਿੰਮੇਵਾਰੀਆਂ ਨੂੰ ਚੁਕਣ ਦੀ ਲੋੜ ਹੈ ।

ਇਹ ਐਲਾਨ ਨਾਮਾ ਬਿਆਨ ਕਰਦਾ ਹੈ ਕਿ ਇਹ ਜ਼ਿੰਮੇਵਾਰੀਆਂ ਕਿਹੜੀਆਂ ਹਨ ਅਤੇ ਇਨ੍ਹਾਂ ਨੂੰ ਅਮਲ ਵਿਚ ਕਿਵੇਂ ਲਿਆਂਦਾ ਜਾਵੇ । ਇਸ ਦਿਸ਼ਾ ਵੱਲ ਪਹਿਲਾ ਕਦਮ ਮਨੁੱਖੀ ਜ਼ਿੰਮੇਵਾਰੀਆਂ ਦੇ ਆਧਾਰ ਉਤੇ ਇਕ ਜਮਹੂਰੀ ਵਿਸ਼ਵ ਪ੍ਰਬੰਧ ਵਿਕਸਿਤ ਕਰਨਾ ਅਤੇ ਇਕ ਅਜਿਹਾ ਕਾਨੂੰਨੀ ਢਾਂਚਾ ਵਿਕਸਿਤ ਕਰਨਾ ਹੈ ਜਿਸਦੇ ਅਨੁਸਾਰ ਮਨੁੱਖੀ ਜ਼ਿੰਮੇਵਾਰੀਆਂ ਨੂੰ ਨਿਭਾਇਆ ਜਾ ਸਕੇ ।

# ਜ਼ਿੰਮੇਵਾਰੀਆਂ ਦੀ ਰੂਪ–ਰੇਖਾ

ਵਿਅਕਤੀਆਂ, ਸਮਾਜਾਂ ਤੇ ਮਨੁੱਖ ਅਤੇ ਕੁਦਰਤ ਵਿਚਕਾਰ ਵਧਦੀ ਹੋਈ ਅੰਤਰ ਨਿਰਭਰਤਾ ਦੇ ਨਤੀਜੇ ਵਜੋਂ ਮਨੁੱਖ ਰਾਹੀਂ ਵਿਅਕਤੀਗਤ ਪੱਧਰ ਜਾਂ ਸਾਂਝੇ ਤੌਰ ਤੇ ਕੀਤੇ ਗਏ ਕੰਮਾਂ ਦਾ ਅਸਰ ਤੁਰੰਤ ਅਤੇ ਦੂਰ-ਭਵਿੱਖ ਵਿਚ ਉਨ੍ਹਾਂ ਦੇ ਸਮਾਜਕ ਅਤੇ ਕੁਦਰਤੀ ਵਾਤਾਵਰਣ ਉਤੇ ਹੋਰ ਵੀ ਗਹਿਰਾ ਪੈਂਦਾ ਹੈ।

ਇਸ ਨਾਲ ਹਰ ਇਕ ਵਿਅਕਤੀ ਦੇ ਲਈ ਮਾਨਵਜਾਤੀ ਦੀਆਂ ਨਵੀਆਂ ਵੰਗਾਰਾਂ ਦੇ ਸਾਹਮਣੇ ਆਪਣੀ ਭੂਮਿਕਾ ਅਦਾ ਕਰਨ ਲਈ ਨਵੀਆਂ ਸੰਭਾਵਨਾਵਾਂ ਖੁਲ੍ਹ ਗਈਆਂ ਹਨਃ ਹਰ ਇਕ ਮਨੁੱਖ ਵਿਚ ਜ਼ਿੰਮੇਵਾਰੀ ਲੈਣ ਦੀ ਸਮਰਥਾ ਹੁੰਦੀ ਹੈ। ਇਥੋਂ ਤਕ ਕਿ ਜਿਹੜੇ ਮਨੁੱਖ ਆਪਣੇ ਆਪ ਨੂੰ ਸ਼ਕਤੀਹੀਣ ਮਹਿਸੂਸ ਕਰਦੇ ਹਨ, ਉਹ ਵੀ ਦੂਜਿਆਂ ਨਾਲ ਜੁੜ ਕੇ ਇਕ ਸਮੂਹਕ ਸ਼ਕਤੀ ਦਾ ਨਿਰਮਾਣ ਕਰ ਸਕਦੇ ਹਨ ।

ਹਾਲਾਕਿ ਸਾਰੇ ਲੋਕਾਂ ਨੂੰ ਮਾਨਵ-ਅਧਿਕਾਰਾਂ ਦਾ ਇਕੋ ਜਿੰਨਾ ਹੱਕ ਹੈ ਪਰ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਉਨ੍ਹਾਂ ਦੀ ਸਮਰਥਾ ਦੇ ਅਨੁਰੂਪ ਹੁੰਦੀਆ ਹਨ । ਜਿਸ ਵਿਅਕਤੀ ਕੋਲ ਜਿੰਨੀ ਵੱਧ ਆਜ਼ਾਦੀ, ਜਾਣਕਾਰੀ, ਗਿਆਨ, ਦੌਲਤ ਤੇ ਸ਼ਕਤੀ ਹੋਵੇਗੀ, ਉਸ ਕੋਲ ਜ਼ਿੰਮੇਵਾਰੀ ਨਿਭਾਉਣ ਦੀ ਉੱਨੀ ਹੀ ਜ਼ਿਆਦਾ ਸਮਰਥਾ ਹੋਵੇਗੀ ਅਤੇ ਉੱਨੀ ਹੀ ਵੱਧ ਹੋਵੇਗੀ ਉਸਦੀ ਆਪਣੇ ਵਿਵਹਾਰ ਅਤੇ ਫਰ ਵਾਸਤੇ ਜ਼ਿੰਮੇਵਾਰੀ।

ਜ਼ਿੰਮੇਵਾਰੀਆਂ ਸਿਰਫ ਵਰਤਮਾਨ ਤੇ ਭਵਿਖ ਦੇ ਕੰਮਾਂ ਨਾਲ ਹੀ ਨਹੀਂ ਸਗੋਂ ਬੀਤ ਚੁੱਕੇ ਸਮੇ ਦੇ ਕੰਮਾ ਨਾਲ ਵੀ ਸੰਬਧਿਤ ਹਨ। ਕਿਸੇ ਸਮੂਹਕ ਨੁਕਸਾਨ ਪੰਹੁਚਾਉਣ ਦਾ ਨੈਤਿਕ ਜਿੰਮਾ ਲੈਣਾ ਅਤੇ ਜਿਥੋਂ ਤਕ ਹੋ ਸਕੇ ਵਿਵਹਾਰਕ ਰੁਪ ਵਿਚ ਉਸਨੂੰ ਦਰੁਸਤ ਕਰਨਾ ਸੰਬਧਿਤ ਸਮੂਹ ਦੀ ਕੋਸ਼ਿਸ਼ ਹੋਣੀ ਚਾਹੀਦੀ ਹੈ। ਅਸੀਂ ਆਪਣੇ ਕੰਮਾਂ ਦੇ ਅੱਜ ਜਾਂ ਭਵਿੱਖ ਵਿਚ ਹੋਣ ਵਾਲੇ ਨਤੀਜਿਆਂ ਦਾ ਸਿਰਫ਼ਅਨੁਮਾਨ ਹੀ ਲਗਾ ਸਕਦੇ ਹਾਂ ਇਸ ਲਈ ਸਾਡੀ ਜ਼ਿੰਮੇਵਾਰੀ ਇਹ ਮੰਗ ਕਰਦੀ ਹੈ ਕਿ ਅਸੀ ਹਰ ਕੰਮ ਬੜੀ ਨਿਮਰਤਾ ਤੇ ਸਾਵਧਾਨੀ ਨਾਲ ਕਰੀਏ।

# ਜ਼ਿੰਮੇਵਾਰੀਆਂ ਦੀ ਵਰਤੋ

ਸਮੁੱਚੇ ਮਨੁੱਖੀ ਇਤਿਹਾਸ ਵਿਚ ਸਿਆਣਪ ਦੀਆਂ ਰਵਾਇਤਾਂ ਨੇਂ, ਭਾਂਵੇ ਉਹ ਧਾਰਮਿਕ ਸਨ ਜਾਂ ਹੋਰ, ਸਾਨੂੰ ਜ਼ਿੰਮੇਵਾਰ ਰਵੱਈਆ ਅਪਨਾਉਣ ਦੀਆਂ ਕਦਰਾਂ-ਕੀਮਤਾਂ ਸਿਖਾਈਆਂ ਹਨ। ਇਨ੍ਹਾਂ ਕੀਮਤਾਂ ਦਾ ਮੂਲ ਆਧਾਰ, ਜਿਹੜਾ ਕਿ ਅੱਜ ਵੀ ਸਹੀ ਹੈ, ਇਹ ਰਿਹਾ ਹੈ ਕਿ ਜਦ ਤਕ ਮਨੁੱਖ ਆਪਣੇ ਵਿਚ ਮੂਲ ਤਬਦੀਲੀ ਨਹੀਂ ਲਿਆਉਂਦਾ ਉਦੋਂ ਤੱਕ ਸਮਾਜ ਵਿਚ ਮੂਲ ਤਬਦੀਲੀ ਲਿਆਉਣੀ ਅਸੰਭਵ ਹੈ ।

ਇਨ੍ਹਾਂ ਕੀਮਤਾ ਵਿਚ ਹਰ ਜੀਵਤ ਚੀ ਪ੍ਰਤੀ ਸਤਿਕਾਰ, ਇਤ ਨਾਲ ਜੀਵਨ ਜੀਉਣ ਦਾ ਅਧਿਕਾਰ, ਹਿੰਸਾ ਦੀ ਬਜਾਏ ਗੱਲਬਾਤ ਨੂੰ ਤਰਜੀਹ, ਦੂਜਿਆਂ ਲਈ ਹਮਦਰਦੀ ਅਤੇ ਲਿਹਾ, ਇਕ-ਮੁੱਠਤਾ ਤੇ ਮਹਿਮਾਨ ਨਿਵਾਜ਼ੀ, ਸਚੱਾਈ ਅਤੇ ਸੁਹਿਰਦਤਾ, ਸ਼ਾਂਤੀ ਤੇ ਸਦਭਾਵਨਾ, ਨਿਆਂ ਤੇ ਸਮਾਨਤਾ ਅਤੇ ਨਿੱਜ ਦੇ ਭਲੇ ਦੀ ਬਜਾਏ ਸਰਬੱਤ ਦੇ ਭਲੇ ਨੂੰ ਪਹਿਲ ਦੇਣੀ ਸ਼ਾਮਲ ਹਨ।

ਹਾਲਾਂਕਿ ਬਹੁਤ ਵਾਰ ਇਨ੍ਹਾਂ ਕਦਰਾਂ ਕੀਮਤਾਂ ਨੂੰ ਇਕ ਦੂਸਰੇ ਦੇ ਮੁਕਾਬਲੇ ਵਿਚ ਤੋਲਣਾ ਪੈਂਦਾ ਹੈ, ਜਦੋਂ ਕਈ ਵਾਰ ਇਕ ਵਿਅਕਤੀ ਜਾਂ ਸਮਾਜ ਨੂੰ ਮੁਸ਼ਕਿਲ ਚੋਣ ਦਾ ਸਾਹਮਣਾ ਕਰਨਾ ਪੈਂਦਾ ਹੈ: ਜਿਵੇਂ ਕਿ ਇਕ ਪਾਸੇ ਵਾਤਾਵਰਣ ਦੀ ਸੁਰੱਖਿਆ ਕਰਦੇ ਹੋਏ ਆਰਥਿਕ ਵਿਕਾਸ ਕਰਨ ਅਤੇ ਦੂਜੇ ਪਾਸੇ ਮਨੁੱਖੀ ਹੱਕਾਂ ਦਾ ਸਤਿਕਾਰ ਕਰਨ ਵਿੱਚ ।

ਇਹੋ ਜਿਹੇ ਮਾਮਲਿਆਂ ਵਿੱਚ ਮਨੁੱਖੀ ਜ਼ਿੰਮੇਵਾਰੀ ਇਹ ਬਣਦੀ ਹੈ ਕਿ ਕਿਸੇ ਵੀ ਇਕ ਨਿਯਮ ਦੀ ਪਾਲਣਾ ਲਈ ਦੂਜਿਆਂ ਦਾ ਤਿਆਗ ਨਾ ਕੀਤਾ ਜਾਵੇ। ਇਹ ਮੰਨਣਾ ਨਿਰਰਥਕ ਹੋਵੇਗਾ ਕਿ ਆਰਥਿਕ ਬੇਇਨਸਾਫੀ, ਮਨੁੱਖੀ ਹੱਕਾਂ ਦੀ ਉਲੰਘਣਾ ਅਤੇ ਵਾਤਾਵਰਣ ਦੇ ਪ੍ਰਦੂਸ਼ਣ ਨੂੰ ਵਖ-ਵਖ ਮੁੱਦੇ ਸਮਝ ਕੇ ਇਸ ਦਾ ਕੋਈ ਚਿਰਸਥਾਈ ਹਲ ਲੱਭਿਆ ਜਾ ਸਕਦਾ ਹੈ। ਹਰ ਵਿਅਕਤੀ ਨੂੰ ਇਨ੍ਹਾਂ ਸਭ ਮੁਦਿੱਆਂ ਦੇ ਆਪਸੀ ਸੰਬੰਧ ਪ੍ਰਤੀ ਜਾਗਰੂਕ ਹੋਣਾ ਚਾਹੀਦਾ ਹੈ। ਭਾਂਵੇ ਉਨ੍ਹਾਂ ਦੀਆਂ ਆਪਣੀਆਂ ਪ੍ਰਾਰਥਮਿਕਤਾਵਾਂ ਉਨ੍ਹਾਂ ਦੇ ਅਤੀਤ ਅਤੇ ਮੌਜੂਦਾ ਹਾਲਾਤ ਅਨੁਸਾਰ ਵੱਖ-ਵੱਖ ਹੋਣ ਤਾਂ ਵੀ ਉਹ ਇਨ੍ਹਾਂ ਪ੍ਰਾਰਧਮਿਕਤਾਵਾਂ ਨੂੰ ਹੋਰ ਮੁਦਿੱਆਂ ਦੀ ਉਲੰਘਣਾ ਕਰਨ ਦਾ ਬਹਾਨਾ ਨਹੀ ਬਣਾ ਸਕਦੇ।

## ਇਹੀ ਸੋਚ ਹੇਠਾ ਦਿਤੇ ਅਸੂਲਾਂ ਦਾ ਆਧਾਰ ਹੈ:–
## ਮਨੁੱਖੀ ਜ਼ਿੰਮੇਵਾਰੀਆਂ ਦੀ ਵਰਤੋਂ ਕਰਨ ਲਈ ਮਾਰਗ–ਦਰਸ਼ਕ ਸਿਧਾਂਤ

**ਸਾਡੇ ਸਭ ਦੀ ਜ਼ਿੰਮੇਵਾਰੀ ਹੈ ਕਿ ਅਸੀ ਇਹ ਯਕੀਨੀ ਬਣਾਈਏ ਕਿ ਸਾਡੇ ਵਿਚਾਰਾਂ ਤੇ ਸਾਡੇ ਵਿਵਹਾਰ ਰਾਹੀ ਮਾਨਵ ਅਧਿਕਾਰਾਂ ਦੀ ਪੁਨਰ ਪੁਸ਼ਟੀ ਹੋਵੇ।**

- ਵਰਤਮਾਨ ਤੇ ਭਵਿਖ ਦੀਆਂ ਅਚਨਚੇਤੀਆਂ ਦਾ ਸਾਹਮਣਾ ਕਰਨ ਲਈ ਸਾਡਾ ਸੰਗਠਿਤ ਹੋਕੇ ਕੰਮ ਕਰਨਾ ਉਨ੍ਹਾਂ ਹੀ ਮਹੱਤਵਪੂਰਨ ਹੈ ਜਿੰਨਾ ਕਿ ਸਭਿਆਚਾਰਕ ਵੰਨ-ਸੁਵੰਨਤਾ ਨੂੰ ਪ੍ਰਗਟ ਕਰਨਾ।

- ਹਰ ਵਿਅਕਤੀ ਦਾ ਮਾਣ ਇਸ ਵਿਚ ਹੈ ਕਿ ਉਹ ਦੂਜਿਆਂ ਦੀ ਆਜ਼ਾਦੀ ਤੇ ਸਨਮਾਨ ਕਾਇਮ ਕਰਨ ਵਿਚ ਯੋਗਦਾਨ ਪਾਵੇ ।

- ਉਸ ਨਿਆਂ ਤੋਂ ਬਿਨਾਂ ਸਦੀਵੀ ਸ਼ਾਂਤੀ ਸਥਾਪਤ ਨਹੀਂ ਹੋ ਸਕਦੀ ਜਿਹੜਾ ਕਿ ਮਨੁੱਖੀ ਮਾਣ ਅਤੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਨਾ ਕਰੇ ।

- ਮਨੁੱਖੀ ਸਖਸ਼ੀਅਤ ਦਾ ਪੂਰੀ ਤਰਾਂ ਵਿਕਸਿਤ ਹੋਣਾ ਯਕੀਨੀ ਬਣਾਉਣ ਲਈ ਉਸ ਦੀਆਂ ਭੌਤਿਕ ਜ਼ਰੂਰਤਾਂ ਅਤੇ ਅਭੌਤਿਕ ਇੱਛਾਵਾਂ ਦੀ ਪੂਰਤੀ ਲਾਜ਼ਮੀ ਹੈ।

- ਸ਼ਕਤੀ ਦੀ ਵਰਤੋਂ ਕਰਨੀ ਤਦ ਹੀ ਠੀਕ ਹੈ ਜਦੋਂ ਇਹ ਸੱਭ ਦੇ ਭਲੇ ਲਈ ਕੀਤੀ ਜਾਵੇ ਅਤੇ ਇਸ ਦੇ ਨਿਰੀਖਣ ਅਤੇ ਨਿਯੰਤ੍ਰਣ ਵਿਚ ਉਹ ਵੀ ਲੋਕ ਸ਼ਾਮਿਲ ਹੋਣ ਜਿਨ੍ਹਾਂ ਤੇ ਇਸਦੀ ਵਰਤੋਂ ਹੋਣੀ ਹੈ।

- ਮਨੁੱਖੀ ਰੂਰਤਾਂ ਪੂਰੀਆਂ ਕਰਨ ਲਈ ਕੁਦਰਤੀ ਵਸੀਲਿਆਂ ਦੀ ਵਰਤੋਂ ਨੂੰ ਵਾਤਾਵਰਣ ਦੀ ਅਮਲੀ ਸੁਰੱਖਿਆ ਅਤੇ ਵਾਤਾਵਰਣ ਦੇ ਚੌਕਸ ਪ੍ਰਬੰਧ ਨਾਲ ਜੋੜਨਾ ਰੂਰੀ ਹੈ।

- ਖੁਸ਼ਹਾਲੀ ਲਈ ਕੀਤੇ ਜਾ ਰਹੇ ਉਪਰਾਲਿਆਂ ਨੂੰ ਧਨ ਦੀ ਬਰਾਬਰ ਵੰਡ ਤੋ ਵੱਖ ਨਹੀਂ ਕੀਤਾ ਜਾ ਸਕਦਾ।

- ਵਿਗਿਆਨਕ ਖੋਜ ਦੀ ਆਾਦੀ ਦਾ ਅਰਥ ਹੈ ਕਿ ਅਸੀਂ ਇਹ ਪ੍ਰਵਾਨ ਕਰ ਲਈਏ ਕਿ ਇਹ ਆਜ਼ਾਦੀ ਨੈਤਿਕ ਅਸੂਲਾਂ ਦੇ ਘੇਰੇ ਵਿਚ ਸੀਮਿਤ ਰਹੇ ।

- ਗਿਆਨ ਤੇ ਜਾਣਕਾਰੀ ਦਾ ਪੂਰਾ ਲਾਭ ਤਦ ਹੀ ਉਠਾਇਆ ਜਾ ਸਕਦਾ ਹੈ ਜੇਕਰ ਉਸਨੂੰ ਸਭ ਨਾਲ ਸਾਂਝਾ ਕੀਤਾ ਜਾਵੇ ਤੇ ਉਸਦੀ ਵਰਤੋਂ ਸ਼ਾਂਤੀ ਦਾ ਮਾਹੌਲ ਕਾਇਮ ਕਰਨ ਅਤੇ ਇਕਮੁਠੱਤਾ ਉਤਪੰਨ ਕਰਨ ਲਈ ਕੀਤੀ ਜਾਵੇ।

- ਥੋੜੇ ਸਮੇਂ ਦੀਆਂ ਪ੍ਰਾਥਮਿਕਤਾਵਾਂ ਸੰਬਧੀ ਫੈਸਲਾ ਲੈਣ ਸਮੇ ਉਹਨਾਂ ਵਜੋਂ ਲੰਬੇ ਸਮੇਂ ਵਿੱਚ ਹੋਣ ਵਾਲੇ ਨਤੀਜਿਆਂ ਅਤੇ ਖ਼ਤਰਿਆਂ ਦਾ ਮੁਲਾਂਕਣ ਬੜੀ ਸਾਵਧਾਨੀ ਨਾਲ ਕੀਤਾ ਜਾਣਾ ਚਾਹੀਦਾ ਹੈ।